

ਇਮਪਲੌਏਮੈਂਟ ਸਟੈਂਡਰਡਜ਼ ਐਕਟ

# ਤੱਥ-ਸ਼ੀਟ

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਇਸ ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

ਮਈ 2003

# ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ
## Farm Labour Contractors

ਬ੍ਰਿਟਿਸ਼ ਕੋਲੰਬੀਆ ਵਿਚ, ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰਾਂ (ਕੌਨਟਰੈਕਟਰਜ਼) ਦਾ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਧੀਨ ਲਾਇਸੰਸਸ਼ੁਦਾ ਹੋਣਾ ਜ਼ਰੂਰੀ ਹੈ।

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਲਾਇਸੰਸਸ਼ੁਦਾ ਠੇਕੇਦਾਰ, ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਕੰਮ ਦੇਣ ਵਾਲੇ (ਇਮਪਲੌਏਅਰ) ਹੁੰਦੇ ਹਨ, ਜਿਹੜੇ ਕਿ ਉਸ ਠੇਕੇਦਾਰ ਲਈ ਕੰਮ ਕਰਦੇ ਹਨ।

ਜਿਹੜਾ ਠੇਕੇਦਾਰ ਸਿਰਫ ਦਰਖਤ ਲਾਉਣ ਜਾਂ ਸਪਰੇਅ ਕਰਨ ਜਾਂ ਦਰਖਤਾਂ ਦੀ ਛਾਂਗ ਦਾ ਕੰਮ ਕਰਦਾ ਹੈ ਉਸ ਲਈ ਲਾਇਸੰਸ ਲੈਣਾ ਜ਼ਰੂਰੀ ਨਹੀਂ ਹੈ। ਖੇਤੀਬਾੜੀ ਉਤਪਾਦਕ, ਜੇ ਸਿਰਫ ਆਪਣੀ ਜ਼ਮੀਨ ਤੇ ਫਸਲਾਂ ਚੁਗਣ ਲਈ ਲੋਕਾਂ ਨੂੰ ਕੰਮ ਤੇ ਰੱਖਦੇ ਹਨ ਤਾਂ ਉਨ੍ਹਾਂ ਨੂੰ ਫਾਰਮ ਲੇਬਰ ਦੇ ਠੇਕੇਦਾਰ ਵਜੋਂ ਲਾਇਸੰਸ ਲੈਣ ਦੀ ਲੋੜ ਨਹੀਂ ਹੈ।

### ਲਾਇਸੰਸ ਲੈਣ ਲਈ ਸ਼ਰਤਾਂ

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਵਜੋਂ ਅਰਜ਼ੀ ਕਰਨ ਵਾਲੇ ਅਰਜ਼ੀਕਾਰਾਂ ਨੂੰ ਐਕਟ ਅਤੇ ਰੈਗੂਲੇਸ਼ਨ ਬਾਰੇ ਇਕ ਲਿਖਤੀ ਟੈੱਸਟ ਜ਼ਰੂਰ ਪਾਸ ਕਰਨਾ ਪਵੇਗਾ ਅਤੇ ਬੌਂਡ ਦੇ ਰੂਪ ਵਿਚ ਸਕਿਉਰਟੀ ਜਮ੍ਹਾਂ ਕਰਵਾਉਣੀ ਪਵੇਗੀ ਜਿਹੜੀ ਕਿ ਹਰ ਕਾਮੇ ਲਈ ਘੱਟੋ-ਘੱਟ ਤਨਖਾਹ ਦੇ ਰੇਟ (8 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ) ਮੁਤਾਬਕ 80 ਘੰਟਿਆਂ** ਦੇ ਸਮੇਂ ਦੇ ਬਰਾਬਰ ਹੋਵੇਗੀ।

> ** ਜੇ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੇ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਦੀ ਕਿਸੇ "ਮੁੱਖ ਸ਼ਰਤ" ਦੀ ਉਲੰਘਣਾ ਨਹੀਂ ਕੀਤੀ ਤਾਂ ਬੌਂਡ ਦੀ ਰਕਮ ਘਟ ਜਾਂਦੀ ਹੈ।
>
> ਇਹ ਸ਼ਰਤਾਂ ਹਨ:
>
> - ਸੈਕਸ਼ਨ 13(1) – ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਜ਼ਰੂਰ ਹੀ ਲਾਇਸੰਸਸ਼ੁਦਾ ਹੋਣੇ ਚਾਹੀਦੇ ਹਨ
> - ਸੈਕਸ਼ਨ 17(1) – ਤਨਖਾਹ ਦੇ ਦਿਨ
> - ਸੈਕਸ਼ਨ 28 – ਕਾਮਿਆਂ ਦਾ ਰਿਕਾਰਡ
> - ਸੈਕਸ਼ਨ 58 – ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ)
> - ਸੈਕਸ਼ਨ 15 ਅਤੇ 18(1) ਘੱਟੋ ਘੱਟ ਤਨਖਾਹ

ਬੌਂਡ ਦੀਆਂ ਸ਼ਰਤਾਂ ਅੱਗੇ ਲਿਖੇ ਮੁਤਾਬਕ ਘਟਾਈਆਂ ਜਾ ਸਕਦੀਆਂ ਹਨ:

| *ਉਲੰਘਣਾ ਨਾ ਕਰਨ ਦਾ ਸਮਾਂ* | *ਜ਼ਰਬ* |
|---|---|
| 1 ਸਾਲ ਤੋਂ ਲੈ ਕੇ 2 ਸਾਲਾਂ ਤੋਂ ਘੱਟ | 60 |
| 2 ਸਾਲਾਂ ਤੋਂ ਲੈ ਕੇ 3 ਸਾਲਾਂ ਤੋਂ ਘੱਟ | 40 |
| 3 ਸਾਲ ਜਾਂ ਜ਼ਿਆਦਾ | 20 |

ਜੇ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੇ ਪਹਿਲਾਂ ਕਦੇ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਦੀ ਉਲੰਘਣਾ ਨਹੀਂ ਕੀਤੀ ਤਾਂ ਉਸ ਨੂੰ ਤਿੰਨ ਸਾਲਾਂ ਲਈ ਲਾਇਸੰਸ ਜਾਰੀ ਕੀਤਾ ਜਾ ਸਕਦਾ ਹੈ। ਨਹੀਂ ਤਾਂ ਲਾਇਸੰਸ ਹਰ ਸਾਲ ਨਵਿਆਉਣਾ ਜ਼ਰੂਰੀ ਹੈ।

### ਗੈਰ-ਲਾਇਸੰਸਸ਼ੁਦਾ ਠੇਕੇਦਾਰ

ਜਿਹੜਾ ਫਾਰਮ ਉਤਪਾਦਕ, ਗੈਰਲਾਇਸੰਸਸ਼ੁਦਾ ਠੇਕੇਦਾਰ ਵਲੋਂ ਦਿੱਤੇ ਗਏ ਕਾਮਿਆਂ ਤੋਂ ਕੰਮ ਕਰਵਾਉਂਦਾ ਹੈ ਉਹ ਐਕਟ ਅਨੁਸਾਰ ਉਨ੍ਹਾਂ ਕਾਮਿਆਂ ਦਾ ਇਮਪਲੌਏਅਰ (ਮਾਲਕ) ਸਮਝਿਆ ਜਾਂਦਾ ਹੈ ਅਤੇ ਐਕਟ ਦੇ ਸੈਕਸ਼ਨ 30 ਅਧੀਨ ਕਿਸੇ ਵੀ ਨਾ ਦਿੱਤੀ ਗਈ ਤਨਖਾਹ ਲਈ ਜ਼ਿੰਮੇਵਾਰ ਸਮਝਿਆ ਜਾ ਸਕਦਾ ਹੈ।

### ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਫਰਜ਼

**ਕਾਮੇ ਰੱਖਣ ਲਈ ਕੋਈ ਚਾਰਜ ਨਹੀਂ:** ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਕਿਸੇ ਨੂੰ ਕੰਮ ਤੇ ਰੱਖਣ ਜਾਂ ਉਸ ਵਿਅਕਤੀ ਲਈ ਕੰਮ ਲੱਭਣ ਦਾ ਉਸ ਤੋਂ ਕੋਈ ਵੀ ਪੈਸਾ ਨਹੀਂ ਲੈ ਸਕਦੇ।

**ਤਨਖਾਹ ਦੇ ਰੇਟ ਜ਼ਰੂਰ ਲਾਉਣੇ ਪੈਣਗੇ:** ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੂੰ ਫਾਰਮਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਨੂੰ ਦਿੱਤੀ ਜਾਣ ਵਾਲੇ ਤਨਖਾਹ ਦੇ ਰੇਟ ਸਪਸ਼ਟ ਰੂਪ ਵਿਚ ਕੰਮ ਵਾਲੀਆਂ ਥਾਂਵਾਂ ਤੇ ਅਤੇ ਕਾਮਿਆਂ ਨੂੰ ਲਿਜਾਣ ਵਾਲੀਆਂ ਸਾਰੀਆਂ ਗੱਡੀਆਂ ਵਿਚ ਜ਼ਰੂਰ ਲਾਉਣੇ ਪੈਣਗੇ।

**ਤਨਖਾਹਾਂ ਦਾ ਭੁਗਤਾਨ:** ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰਾਂ ਨੂੰ ਤਨਖਾਹ ਸਿੱਧੀ ਕਾਮੇ ਦੇ ਬੈਂਕ ਅਕਾਊਂਟ ਵਿਚ ਜਮ੍ਹਾਂ ਕਰਵਾਉਣੀ ਪਵੇਗੀ।

**ਸਫਰ ਦੀ ਤਨਖਾਹ:** ਜਦੋਂ ਫਾਰਮਾਂ ਲਈ ਕਾਮੇ ਲਿਜਾਣ ਵਾਲਾ ਕੋਈ ਠੇਕੇਦਾਰ ਕਾਮੇ ਨੂੰ ਕੰਮ ਵਾਲੀ ਥਾਂ ਤੇ ਲੈ ਕੇ ਜਾਂਦਾ ਹੈ ਅਤੇ ਉੱਥੇ ਉਸ ਨੂੰ ਕੋਈ ਕੰਮ ਕਰਨ ਲਈ ਨਹੀਂ ਦਿੰਦਾ ਤਾਂ ਠੇਕੇਦਾਰ ਨੂੰ ਅੱਗੇ ਲਿਖੇ ਮੁਤਾਬਕ ਘੱਟੋ-ਘੱਟ ਤਨਖਾਹ ਜ਼ਰੂਰ ਦੇਣੀ ਪਵੇਗੀ:

- 2 ਘੰਟਿਆਂ ਦੇ ਕੰਮ ਦੀ ਤਨਖਾਹ, ਜਾਂ
- ਕੰਮ ਵਾਲੀ ਥਾਂ ਜਾਂ ਕਿਸੇ ਹੋਰ ਬਦਲਵੀਂ ਥਾਂ ਨੂੰ ਜਾਣ ਅਤੇ ਉੱਥੋਂ ਆਉਣ ਦੇ ਸਮੇਂ ਦੇ ਪੈਸੇ ਜਿਹੜਾ ਹੋਰ ਜ਼ਿਆਦਾ ਦੂਰ ਨਹੀਂ ਹੈ ਅਤੇ ਕਾਮੇ ਨੂੰ ਮਨਜ਼ੂਰ ਹੈ।

ਜਿਹੜਾ ਵੀ ਜ਼ਿਆਦਾ ਹੈ।

ਇਹ ਸ਼ਰਤ ਲਾਗੂ ਨਹੀਂ ਹੁੰਦੀ ਜੇ ਮੌਸਮ ਦੇ ਖਰਾਬ ਹੋਣ ਕਾਰਨ ਜਾਂ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਕੰਟਰੋਲ ਤੋਂ ਪੂਰੀ ਤਰ੍ਹਾਂ ਬਾਹਰਲੇ ਕਿਸੇ ਹੋਰ ਕਾਰਨ ਕਰਕੇ ਕੰਮ ਮੌਜੂਦ ਨਹੀਂ ਹੈ।

**ਰਿਕਾਰਡ ਰੱਖਣਾ:** ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਲਈ ਅੱਗੇ ਲਿਖੇ ਰਿਕਾਰਡ ਰੱਖਣਾ ਅਤੇ ਕੰਮ ਵਾਲੀ ਹਰ ਥਾਂ ਤੇ ਇਨਸਪੈਕਸ਼ਨ ਲਈ ਮੌਜੂਦ ਰੱਖਣਾ ਜ਼ਰੂਰੀ ਹੈ:

- ਮਾਲਕ (ਇਮਪਲੌਏਅਰ) ਦਾ ਨਾਂ ਅਤੇ ਕੰਮ ਵਾਲੀ ਉਸ ਥਾਂ ਦਾ ਨਾਂ ਜਿਸ ਲਈ ਕਾਮੇ ਸਪਲਾਈ ਕੀਤੇ ਗਏ ਹਨ।
- ਹਰ ਕਾਮੇ ਲਈ:
  - ਕਾਮੇ ਦਾ ਨਾਂ।
  - ਉਹ ਥਾਂ ਜਿੱਥੇ ਉਹ ਹਰ ਰੋਜ਼ ਕੰਮ ਕਰਦਾ ਹੈ।
  - ਹਰ ਦਿਨ ਤੋੜੇ ਗਏ ਫਲ, ਸਬਜ਼ੀਆਂ, ਬੇਰੀ ਜਾਂ ਫੁੱਲਾਂ ਦਾ ਵੇਰਵਾ।

ਸਾਰੇ ਰਿਕਾਰਡ ਅੰਗਰੇਜ਼ੀ ਵਿਚ ਰੱਖੇ ਜਾਣੇ ਜ਼ਰੂਰੀ ਹਨ। ਮਾਲਕ ਲਈ ਇਹ ਰਿਕਾਰਡ ਕੰਮ ਖਤਮ ਹੋਣ ਤੋਂ ਬਾਅਦ ਦੋ ਸਾਲਾਂ ਲਈ ਰੱਖਣੇ ਜ਼ਰੂਰੀ ਹਨ।

## ਹੋਰ ਫਰਜ਼:

ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਨੂੰ ਅੱਗੇ ਲਿਖੀਆਂ ਸਾਰੀਆਂ ਚੀਜ਼ਾਂ ਜ਼ਰੂਰ ਕਰਨੀਆਂ ਪੈਣਗੀਆਂ:

(ੳ) ਲਾਇਸੰਸ ਵਾਲੇ ਕੰਮ ਕਰਨ ਦੌਰਾਨ, ਹਰ ਵੇਲੇ ਠੇਕੇਦਾਰ ਦਾ ਲਾਇਸੰਸ ਕੋਲ ਰੱਖਣਾ ਪਵੇਗਾ ਅਤੇ ਇਸ ਲਾਇਸੰਸ ਦੀ ਕਾਪੀ ਕਾਮਿਆਂ ਨੂੰ ਲਿਜਾਣ ਵਾਲੀਆਂ ਗੱਡੀਆਂ ਵਿਚ ਸਪਸ਼ਟ ਰੂਪ ਵਿਚ ਜ਼ਰੂਰ ਲਾਉਣੀ ਪਵੇਗੀ।

(ਅ) ਫਾਰਮਾਂ ਲਈ ਕਾਮੇ ਲਿਜਾਣ ਵਾਲਾ ਠੇਕੇਦਾਰ ਜਿਨ੍ਹਾਂ ਲੋਕਾਂ ਨਾਲ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਤੌਰ ਤੇ ਵਰਤਣਾ ਚਾਹੁੰਦਾ ਹੈ, ਉਨ੍ਹਾਂ ਸਾਰਿਆਂ ਨੂੰ ਉਸ ਨੂੰ ਆਪਣਾ ਲਾਇਸੰਸ ਪਹਿਲਾਂ ਦਿਖਾਉਣਾ ਪਵੇਗਾ।

(ੲ) ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਕਾਰੋਬਾਰ ਜਾਂ ਘਰ ਦੇ ਐਡਰੈਸ ਵਿਚ ਜੇ ਕੋਈ ਤਬਦੀਲੀ ਆਉਂਦੀ ਹੈ ਤਾਂ ਇਸ ਬਾਰੇ ਫੌਰਨ ਡਾਇਰੈਕਟਰ ਨੂੰ ਦੱਸਣਾ ਪਵੇਗਾ।

(ਸ) ਕੰਮ ਵਾਲੀ ਥਾਂ ਤੇ ਸਪਸ਼ਟ ਰੂਪ ਵਿਚ, ਅਤੇ ਠੇਕੇਦਾਰ ਵਲੋਂ ਕਾਮੇ ਲਿਜਾਣ ਲਈ ਵਰਤੀਆਂ ਜਾਂਦੀਆਂ ਸਾਰੀਆਂ ਗੱਡੀਆਂ ਵਿਚ, ਤਨਖਾਹ ਦੇ ਉਹ ਰੇਟ ਜ਼ਰੂਰ ਦਿਖਾਉਣੇ ਪੈਣਗੇ ਜਿਹੜੇ ਉਹ ਕਾਮਿਆਂ ਨੂੰ ਦੇ ਰਿਹਾ ਹੈ।

(ਹ) ਇਹ ਪੱਕਾ ਕਰਨਾ ਪਵੇਗਾ ਕਿ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਵਲੋਂ ਕਾਮੇ ਲਿਜਾਣ ਲਈ ਵਰਤੀ ਜਾਣ ਵਾਲੀ ਹਰ ਗੱਡੀ ਉੱਪਰ, *ਮੋਟਰ ਵਹੀਕਲ ਐਕਟ* ਨਿਯਮਾਂ ਦੇ ਸੈਕਸ਼ਨ 25.02 ਮੁਤਾਬਕ ਇਨਸਪੈਕਸ਼ਨ ਦਾ ਉਹ ਸਰਟੀਫਿਕੇਟ ਲੱਗਾ ਹੋਇਆ ਹੈ ਜਿਸ ਦੀ ਮਿਆਦ ਮੁੱਕੀ ਹੋਈ ਨਹੀਂ ਹੈ।

(ਕ) ਡਾਇਰੈਕਟਰ ਕੋਲ ਦਰਜ ਕਰਵਾਉ

   (i) ਕਾਮਿਆਂ ਨੂੰ ਲਿਜਾਣ ਲਈ ਠੇਕੇਦਾਰ ਵਲੋਂ ਵਰਤੀ ਜਾਂਦੀ ਹਰ ਗੱਡੀ ਦਾ ਰਜਿਸਟਰੇਸ਼ਨ ਨੰਬਰ ਅਤੇ ਲਾਇਸੰਸ ਨੰਬਰਾਂ ਦੀ ਤਾਜ਼ੀ ਲਿਸਟ, ਅਤੇ

   (ii) ਜੇ ਗੱਡੀ ਫਾਰਮਾਂ ਲਈ ਕਾਮੇ ਲਿਜਾਣ ਵਾਲੇ ਠੇਕੇਦਾਰ ਦੇ ਨਾਂ ਹੈ ਤਾਂ ਇਨਸਪੈਕਸ਼ਨ ਸਰਟੀਫਿਕੇਟ ਦੀਆਂ ਕਾਪੀਆਂ ਅਤੇ ਹੋਰ ਰਿਕਾਰਡ ਜਿਹੜੇ ਕਿ *ਮੋਟਰ ਵਹੀਕਲ ਐਕਟ* ਨਿਯਮਾਂ ਦੇ ਸੈਕਸ਼ਨ 25 ਅਧੀਨ ਰੱਖੇ ਜਾਣੇ ਜ਼ਰੂਰੀ ਹਨ।

ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨਾਲ ਸੰਪਰਕ ਕਰੋ:
#101 - 10475 - 138 Street,
Surrey BC  V3T 4K4
ਫੋਨ: 604 586-2946 ਜਾਂ 604 586-2951
ਫੈਕਸ: 604 586-4249